FRONT COVER

ਫੂਡ ਸੇਫ਼ਟੀ ਅਤੇ ਸਟੈਂਡਰਡ ਅਥਾਰਟੀ ਆਫ਼ ਇੰਡੀਆ

ਵਿਸ਼ਵਾਸ ਦਾ ਵਾਅਦਾ, ਸੁਰੱਖਿਅਤ ਅਤੇ ਪੌਸ਼ਟਿਕ ਭੋਜਨ ਦਾ ਭਰੋਸਾ

ਸਿਹਤ ਅਤੇ ਪਰਿਵਾਰ ਕਲਿਆਣ ਵਿਭਾਗ, ਭਾਰਤ ਸਰਕਾਰ

ਈਟ ਰਾਈਟ ਇੰਡੀਆ

ਸਹੀ ਭੋਜਨ. ਬਿਹਤਰ ਜੀਵਣ.

# ਖਾਣ ਵਾਲੇ ਪਦਾਰਥਾਂ ਵਿੱਚ ਮਿਲਾਵਟ ਪਰਖਣ ਲਈ ਕੀਅ ਰਿੰਗ



FRONT COVER INSIDE

FRONT

## ਜਾਂਚ / ਟੈਸਟ 1

## ਦੁੱਧ ਵਿੱਚ ਪਾਣੀ ਦਾ ਪਤਾ ਲਗਾਉਣਾ

**ਜਾਂਚ ਕਰਨ ਦਾ ਤਰੀਕਾ:**

1. ਦੁੱਧ ਦੀ ਇੱਕ ਬੂੰਦ ਕਿਸੇ ਚੀਕਣੀ ਤਿਰਛੀ ਸਤ੍ਹਾਂ ਉੱਤੇ ਡੋਲੋ।
2. ਸ਼ੁੱਧ ਦੁੱਧ ਜਾਂ ਉਥੇ ਹੀ ਰਹੇਗਾ ਜਾਂ ਸਫੈਦ ਨਿਸ਼ਾਨ ਛੱਡਦਾ ਹੋਇਆ ਹੌਲੀ-ਹੌਲੀ ਅੱਗੇ ਵਧੇਗਾ।
3. ਮਿਲਾਵਟੀ ਦੁੱਧ ਤੁਰੰਤ ਅੱਗੇ ਵੱਧ ਜਾਵੇਗਾ ਅਤੇ ਕੋਈ ਨਿਸ਼ਾਨ ਵੀ ਨਹੀਂ ਛੱਡੇਗਾ।

BACK

ਜਾਂਚ / ਟੈਸਟ 1

ਦੁੱਧ ਵਿੱਚ ਪਾਣੀ ਦਾ ਪਤਾ ਲਗਾਉਣਾ



ਸ਼ੁੱਧ ਦੁੱਧ



ਮਿਲਾਵਟੀ ਦੁੱਧ

FRONT

## ਜਾਂਚ / ਟੈਸਟ 2

## ਦੁੱਧ ਵਿੱਚ ਸਰਫ਼ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਦੁੱਧ ਦੇ 5 ਤੋਂ 10 ਮਿ.ਲੀ. ਨਮੂਨੇ ਵਿੱਚ ਬਰਾਬਰ ਮਾਤਰਾ ਵੱਚ ਪਾਣੀ ਮਿਲਾਓ।
2. ਇਸਨੂੰ ਚੰਗੀ ਤਰ੍ਹਾਂ ਹਿਲਾਓ।
3. ਜੇਕਰ ਦੁੱਧ ਵਿੱਚ ਸਰਫ਼ ਹੋਇਆ ਤਾਂ ਸੰਘਣੀ ਝੱਗ ਬਣੇਗੀ।
4. ਸ਼ੁੱਧ ਦੁੱਧ ਨੂੰ ਖੂਬ ਹਿਲਾਉਣ ਤੇ ਵੀ ਪਤਲੀ ਝੱਗ ਬਣੇਗੀ।

BACK

## ਜਾਂਚ / ਟੈਸਟ 2

## ਦੁੱਧ ਵਿੱਚ ਸਰਫ਼ ਦਾ ਪਤਾ ਲਗਾਉਣਾ



ਸ਼ੁੱਧ ਦੁੱਧ



ਮਿਲਾਵਟੀ ਦੁੱਧ

FRONT

## ਜਾਂਚ / ਟੈਸਟ 3

# ਦੁੱਧ ਅਤੇ ਦੁੱਧ ਤੋਂ ਬਣੇ ਉਤਪਾਦਾਂ (ਖੋਆ, ਛੈਣਾ, ਪਨੀਰ) ਵਿੱਚ ਸਟਾਰਚ ਦਾ ਪਤਾ ਲਗਾਉਣਾ

**ਜਾਂਚ ਕਰਨ ਦਾ ਤਰੀਕਾ:**

1. ਦੁੱਧ ਦੇ 2-3 ਮਿ.ਲੀ. ਨਮੂਨੇ ਨੂੰ 5 ਮਿ.ਲੀ. ਪਾਣੀ ਨਾਲ ਉਬਾਲੋ।
2. ਠੰਡਾ ਕਰੋ ਅਤੇ 2-3 ਬੂੰਦ ਆਯੋਡੀਨ ਟਿੰਕਚਰ ਪਾਓ।
3. ਜੇਕਰ ਦੁੱਧ ਨੀਲਾ ਪੈ ਜਾਵੇ ਤਾਂ ਉਸ ਵਿੱਚ ਸਟਾਰਚ ਹੈ।

(ਦੁੱਧ ਦੇ ਮਾਮਲੇ ਵਿੱਚ ਪਾਣੀ ਮਿਲਾਉਣ ਅਤੇ ਉਬਾਲਣ ਦੀ ਜ਼ਰੂਰਤ ਨਹੀਂ ਹੈ)

BACK

## ਜਾਂਚ / ਟੈਸਟ 3

# ਦੁੱਧ ਅਤੇ ਦੁੱਧ ਤੋਂ ਬਣੇ ਉਤਪਾਦਾਂ (ਖੋਆ, ਛੈਣਾ, ਪਨੀਰ) ਵਿੱਚ ਸਟਾਰਚ ਦਾ ਪਤਾ ਲਗਾਉਣਾ



ਸ਼ੁੱਧ ਦੁੱਧ



ਮਿਲਾਵਟੀ ਦੁੱਧ

FRONT

## ਜਾਂਚ / ਟੈਸਟ 4

### ਘੀ, ਮੱਖਣ ਵਿੱਚ ਮਸਲੇ ਆਲੂ, ਸ਼ੱਕਰਗੰਦੀ ਅਤੇ ਹੋਰ ਸਟਾਰਚ ਦਾ ਪਤਾ ਲਗਾਉਣਾ

**ਜਾਂਚ ਕਰਨ ਦਾ ਤਰੀਕਾ:**

1. ਅੱਧਾ ਛੋਟਾ ਚਮਚ ਘਿਓ, ਮੱਖਣ ਕੱਚ ਦੇ ਇੱਕ ਪਾਰਦਰਸ਼ੀ ਕਟੋਰੇ ਵਿੱਚ ਲਵੋ।
2. ਆਯੋਡੀਨ ਟਿੰਕਚਰ ਦੀਆਂ 2-3 ਬੂੰਦਾਂ ਪਾਓ।
3. ਜੇਕਰ ਰੰਗ ਨੀਲਾ ਪੈ ਜਾਵੇ ਤਾਂ ਮਤਲੱਬ ਉਸ ਵਿੱਚ ਮਸਲੇ ਆਲੂ, ਸ਼ੱਕਰਗੰਦੀ ਜਾਂ ਹੋਰ ਸਟਾਰਚ ਹੈ।

BACK


## ਜਾਂਚ / ਟੈਸਟ 4

### ਘੀ, ਮੱਖਣ ਵਿੱਚ ਮਸਲੇ ਆਲੂ, ਸ਼ੱਕਰਗੰਦੀ ਅਤੇ ਹੋਰ ਸਟਾਰਚ ਦਾ ਪਤਾ ਲਗਾਉਣਾ




ਸ਼ੁੱਧ



ਮਿਲਾਵਟੀ

FRONT

## ਜਾਂਚ / ਟੈਸਟ 5

## ਨਾਰੀਅਲ ਤੇਲ ਵਿੱਚ ਦੂਜੇ ਤੇਲ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਇੱਕ ਪਾਰਦਰਸ਼ੀ ਗਲਾਸ ਵਿੱਚ ਨਾਰੀਅਲ ਦਾ ਤੇਲ ਲਵੋ।
2. ਇਸ ਗਲਾਸ ਨੂੰ 30 ਮਿੰਟ ਫ਼ਰਿਜ਼ ਵਿੱਚ ਰੱਖੋ।(ਫ਼ਰੀਜ਼ਰ ਵਿੱਚ ਨਾ ਰੱਖੋ)
3. ਠੰਡਾ ਹੋਣ ਤੋਂ ਬਾਅਦ ਨਾਰੀਅਲ ਤੇਲ ਜੰਮ ਜਾਂਦਾ ਹੈ।
4. ਜੇਕਰ ਨਾਰੀਅਲ ਤੇਲ ਵਿੱਚ ਮਿਲਾਵਟ ਹੋਵੇਗੀ ਤਾਂ ਹੋਰ ਤੇਲ ਇੱਕ ਵੱਖ ਤਹਿ ਦੀ ਤਰ੍ਹਾਂ ਰਹੇਗਾ।

BACK

ਜਾਂਚ / ਟੈਸਟ 5

ਨਾਰੀਅਲ ਤੇਲ ਵਿੱਚ ਦੂਜੇ ਤੇਲ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

## ਜਾਂਚ / ਟੈਸਟ 6

# ਸ਼ਹਿਦ ਵਿੱਚ ਚੀਨੀ ਦੇ ਘੋਲ ਦਾ ਪਤਾ ਲਗਾਉਣਾ

### ਜਾਂਚ ਕਰਨ ਦੀ ਵਿਧੀ-1:

1. ਇੱਕ ਪਾਰਦਰਸ਼ੀ ਗਲਾਸ ਵਿੱਚ ਪਾਣੀ ਲਓ।
2. ਗਲਾਸ ਵਿੱਚ ਸ਼ਹਿਦ ਦੀ ਇੱਕ ਬੂੰਦ ਪਾਓ।
3. ਸ਼ੁੱਧ ਸ਼ਹਿਦ ਪਾਣੀ ਵਿੱਚ ਨਹੀਂ ਘੁਲੇਗਾ।
4. ਜੇਕਰ ਸ਼ਹਿਦ ਦੀ ਬੂੰਦ ਪਾਣੀ ਵਿੱਚ ਘੁੱਲ ਜਾਵੇ ਤਾਂ ਇਸਦਾ ਮਤਲੱਬ ਸ਼ਹਿਦ ਵਿੱਚ ਚੀਨੀ ਮਿਲੀ ਹੋਈ ਹੈ।

### ਜਾਂਚ ਕਰਨ ਦੀ ਵਿਧੀ-2:

1. ਸ਼ਹਿਦ ਵਿੱਚ ਡੁਬਾਈ ਹੋਈ ਰੂਈ ਦੀ ਇੱਕ ਬੱਤੀ ਲਓ।
2. ਇਸਨੂੰ ਮਾਚਿਸ ਦੀ ਤੀਲੀ ਨਾਲ ਜਲਾਓ।
3. ਸ਼ੁੱਧ ਸ਼ਹਿਦ ਨੂੰ ਅੱਗ ਲੱਗ ਜਾਵੇਗੀ।
4. ਮਿਲਾਵਟੀ ਸ਼ਹਿਦ ਵਿੱਚ ਪਾਣੀ ਦੀ ਹੋਂਦ ਸ਼ਹਿਦ ਨੂੰ ਜਲਣ ਨਹੀਂ ਦੇਵੇਗੀ।ਜੇਕਰ ਅੱਗ ਲੱਗੀ ਤਾਂ ਉਸ 'ਚੋਂ ਅਵਾਜ਼ ਆਵੇਗੀ।

BACK

ਜਾਂਚ / ਟੈਸਟ 6

ਸ਼ਹਿਦ ਵਿੱਚ ਚੀਨੀ ਦੇ ਘੋਲ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

**ਜਾਂਚ / ਟੈਸਟ 7**

## ਚੀਨੀ, ਸ਼ੱਕਰ ਅਤੇ ਗੁੜ ਵਿੱਚ ਚਾਕ ਪਾਊਡਰ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਇੱਕ ਪਾਰਦਰਸ਼ੀ ਗਲਾਸ ਵਿੱਚ ਪਾਣੀ ਲਓ।
2. ਪਾਣੀ ਵਿੱਚ 10 ਗ੍ਰਾਮ ਨਮੂਨਾ ਘੁੱਲਣ ਦਿਓ।
3. ਚੀਨੀ, ਸ਼ੱਕਰ, ਗੁੜ ਵਿੱਚ ਚਾਕ ਪਾਊਡਰ ਮਿਲਿਆ ਹੋਵੇਗਾ ਤਾਂ ਹੇਠਾਂ ਬੈਠ ਜਾਵੇਗਾ।

BACK

**ਜਾਂਚ / ਟੈਸਟ 7**

## ਚੀਨੀ, ਸ਼ੱਕਰ ਅਤੇ ਗੁੜ ਵਿੱਚ ਚਾਕ ਪਾਊਡਰ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

## ਜਾਂਚ / ਟੈਸਟ 8

### ਅਨਾਜ਼ ਦੇ ਦਾਣੇ ਵਿੱਚ ਬਾਹਰੀ ਚੀਜ਼ਾਂ (ਧੂਲ, ਦਾਣੇ, ਪੱਥਰ, ਘਾਹ-ਫੂਸ, ਖ਼ਰਾਬ ਅਨਾਜ਼, ਕਸ਼ਤੀਗ੍ਰਸਤ ਅਨਾਜ਼, ਘੁੱਣ ਲਗਾ ਅਨਾਜ਼, ਕੀੜੇ, ਚੂਹੇ ਦੇ ਵਾਲ ਅਤੇ ਮਲ) ਦਾ ਪਤਾ ਲਗਾਉਣਾ

**ਜਾਂਚ ਕਰਨ ਦਾ ਤਰੀਕਾ:**

1. ਕੱਚ ਦੀ ਪਲੇਟ ਵਿੱਚ ਥੋੜ੍ਹਾ ਜਿਹਾ ਨਮੂਨਾ ਲਓ।
2. ਅਸ਼ੁੱਧੀਆਂ ਦੀ ਅੱਖਾਂ ਨਾਲ ਪਰਖ਼ ਕਰੋ।
3. ਅਨਾਜ਼ ਦੇ ਸ਼ੁੱਧ ਦਾਣਿਆਂ ਵਿੱਚ ਉਪਰੋਕਤ ਅਸ਼ੁੱਧੀਆਂ ਨਹੀਂ ਹੋਣਗੀਆਂ।
4. ਮਿਲਾਵਟੀ ਅਨਾਜ਼ ਵਿੱਚ ਅਸ਼ੁੱਧੀਆਂ ਦਿਖਾਈ ਦੇ ਜਾਂਦੀਆਂ ਹਨ।

BACK

## ਜਾਂਚ / ਟੈਸਟ 8

### ਅਨਾਜ਼ ਦੇ ਦਾਣੇ ਵਿੱਚ ਬਾਹਰੀ ਚੀਜ਼ਾਂ (ਧੂਲ, ਦਾਣੇ, ਪੱਥਰ, ਘਾਹ-ਫੂਸ, ਖ਼ਰਾਬ ਅਨਾਜ਼, ਕਸ਼ਤੀਗ੍ਰਸਤ ਅਨਾਜ਼, ਘੁੱਣ ਲਗਾ ਅਨਾਜ਼, ਕੀੜੇ, ਚੂਹੇ ਦੇ ਵਾਲ ਅਤੇ ਮਲ) ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

**ਜਾਂਚ / ਟੈਸਟ 9**

## ਕਣਕ ਦੇ ਆਟੇ ਵਿੱਚ ਬਹੁਤ ਜਿਆਦਾ ਸੂੜ੍ਹੇ(ਚੋਕੇ) ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਇੱਕ ਪਾਰਦਰਸ਼ੀ ਗਲਾਸ ਵਿੱਚ ਪਾਣੀ ਲਓ।
2. ਪਾਣੀ ਦੀ ਸਤ੍ਹਾਂ ਤੇ ਇੱਕ ਚਮਚ ਆਟਾ ਛਿੜਕੋ।
3. ਕਣਕ ਦੇ ਸ਼ੁੱਧ ਆਟੇ ਵਿੱਚ ਬਹੁਤ ਜਿਆਦਾ ਸੂੜ੍ਹਾ(ਚੋਕਾ) ਨਹੀਂ ਫੈਲੇਗਾ।
4. ਬਹੁਤ ਜਿਆਦਾ ਸੂੜ੍ਹੇ(ਚੋਕੇ) ਵਾਲੇ ਆਟੇ ਵਿੱਚ ਸੂੜ੍ਹਾ ਉੱਪਰ ਤੈਰਦਾ ਦਿਖੇਗਾ।

BACK

**ਜਾਂਚ / ਟੈਸਟ 9**

## ਕਣਕ ਦੇ ਆਟੇ ਵਿੱਚ ਬਹੁਤ ਜਿਆਦਾ ਸੂੜ੍ਹੇ(ਚੋਕੇ) ਦਾ ਪਤਾ ਲਗਾਉਣਾ



ਕਣਕ ਦਾ ਸ਼ੁੱਧ ਆਟਾ



ਆਟੇ ਵਿੱਚ ਬਹੁਤ ਜਿਆਦਾ ਸੂੜ੍ਹਾ

FRONT

ਜਾਂਚ / ਟੈਸਟ 10

## ਅਰਹਰ ਦੀ ਦਾਲ ਵਿੱਚ ਖੇਸਾਰੀ ਦੀ ਦਾਲ ਦੀ ਮਿਲਾਵਟ (ਸਬੂਤੀ ਜਾਂ ਦਲੀ)

### ਜਾਂਚ ਕਰਨ ਦਾ ਤਰੀਕਾ:

1. ਕੱਚ ਦੀ ਪਲੇਟ ਵਿੱਚ ਦਲੀ ਹੋਈ ਜਾਂ ਸਬੂਤੀ ਦਾਲ ਲਓ।
2. ਅਸ਼ੁੱਧੀਆਂ ਨੂੰ ਵੇਖ ਕੇ ਵੱਖ ਕਰੋ।
3. ਖੇਸਾਰੀ ਦਾਲ ਦਾ ਕਿਨਾਰਾ ਹੁੰਦਾ ਹੈ ਜਿਸ ਦਾ ਇੱਕ ਪਾਸਾ ਤਿਰਛਾ ਅਤੇ ਵਰਗ ਹੁੰਦਾ ਹੈ। ਜਿਸ ਨੂੰ ਦੇਖ ਕੇ ਅਲੱਗ ਕੀਤਾ ਜਾ ਸਕਦਾ ਹੈ।
4. ਸ਼ੁੱਧ ਦਾਲ ਵਿੱਚ ਅਜਿਹੀ ਕੋਈ ਗੰਦਗੀ ਨਹੀਂ ਹੋਵੇਗੀ।

BACK

ਜਾਂਚ / ਟੈਸਟ 10

## ਅਰਹਰ ਦੀ ਦਾਲ ਵਿੱਚ ਖੇਸਾਰੀ ਦੀ ਦਾਲ ਦੀ ਮਿਲਾਵਟ (ਸਬੂਤੀ ਜਾਂ ਦਲੀ)



ਸ਼ੁੱਧ ਦਾਲ



ਖੇਸਾਰੀ ਦਾਲ

FRONT

## ਜਾਂਚ / ਟੈਸਟ 11

# ਖਾਣ ਵਾਲੇ ਅਨਾਜ ਵਿੱਚ ਮਿਲਾਵਟੀ ਰੰਗ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਇੱਕ ਪਾਰਦਰਸ਼ੀ ਗਲਾਸ ਵਿੱਚ ਸਾਫ਼ ਪਾਣੀ ਲਓ।
2. ਦੋ ਛੋਟੇ ਚਮਚ ਅਨਾਜ ਲਓ ਅਤੇ ਚੰਗੀ ਤਰ੍ਹਾਂ ਮਿਲਾਓ।
3. ਸ਼ੁੱਧ ਅਨਾਜ ਵਿੱਚੋਂ ਕੋਈ ਰੰਗ ਨਹੀਂ ਨਿਕਲੇਗਾ।
4. ਮਿਲਾਵਟੀ ਅਨਾਜ ਪਾਣੀ ਵਿੱਚ ਤੁਰੰਤ ਰੰਗ ਛੱਡ ਦਿੰਦਾ ਹੈ।

BACK

ਜਾਂਚ / ਟੈਸਟ 11

ਖਾਣ ਵਾਲੇ ਅਨਾਜ ਵਿੱਚ ਮਿਲਾਵਟੀ ਰੰਗ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

**ਜਾਂਚ / ਟੈਸਟ 12**

## ਆਟੇ, ਮੈਦੇ, ਸ਼ੁਜੀ(ਰਵੇ) ਵਿੱਚ ਲੋਹੇ ਦੇ ਬੁਰਾਦੇ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਕੱਚ ਦੀ ਪਲੇਟ ਵਿੱਚ ਨਮੂਨੇ ਦੀ ਥੋੜ੍ਹੀ ਜਿਹੀ ਮਾਤਰਾ ਲਓ।
2. ਇਸ ਆਟੇ ਦੇ ਕੋਲ ਚੁੰਬਕ ਲੈ ਕੇ ਜਾਓ।
3. ਸ਼ੁੱਧ ਆਟੇ ਵਿੱਚੋਂ ਚੁੰਬਕ ਨਾਲ ਕੁਝ ਨਹੀਂ ਚਿਪਕੇਗਾ।
4. ਜੇਕਰ ਆਟੇ ਵਿੱਚ ਲੋਹੇ ਦਾ ਬੁਰਾਦਾ ਹੋਇਆ ਤਾਂ ਚੁੰਬਕ ਉੱਪਰ ਦਿਖੇਗਾ।

BACK

**ਜਾਂਚ / ਟੈਸਟ 12**

## ਆਟੇ, ਮੈਦੇ, ਸ਼ੁਜੀ(ਰਵੇ) ਵਿੱਚ ਲੋਹੇ ਦੇ ਬੁਰਾਦੇ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

## ਜਾਂਚ / ਟੈਸਟ 13

## ਸਾਫ਼ ਚਾਵਲ ਵਿੱਚ ਹਲਦੀ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਕੱਚ ਦੀ ਪਲੇਟ ਵਿੱਚ ਛੋਟੇ ਚਮਚ ਬਰਾਬਰ ਚਾਵਲ ਲਓ।
2. ਗਿੱਲਾ ਚੂਨੇ ਦੀ ਥੋੜ੍ਹੀ ਮਾਤਰਾ (ਆਮ ਭਾਸ਼ਾ ਵਿੱਚ ਚੂਨਾ ਕਿਹਾ ਜਾਂਦਾ ਹੈ ਜਿਸਦੀ ਵਰਤੋਂ ਪਾਨ ਵਿੱਚ ਹੁੰਦੀ ਹੈ) ਇਸ ਉੱਤੇ ਛਿੜਕ ਦਿਓ।
3. ਸ਼ੁੱਧ ਦਾਣੇ ਲਾਲ ਨਹੀਂ ਹੋਣਗੇ।
4. ਮਿਲਾਵਟੀ ਦਾਣੇ ਲਾਲ ਹੋ ਜਾਣਗੇ।

BACK

## ਜਾਂਚ / ਟੈਸਟ 13

## ਸਾਫ਼ ਚਾਵਲ ਵਿੱਚ ਹਲਦੀ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

## ਜਾਂਚ / ਟੈਸਟ 14

## ਰਾਗੀ ਵਿੱਚ ਨਕਲੀ / ਮਿਲਾਵਟੀ ਰੰਗ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਰੂਈ ਦਾ ਇੱਕ ਗੋਲ ਛੋਟਾ ਟੁੱਕੜਾ ਲਓ ਜੋ ਪਾਣੀ ਜਾਂ ਬਨਸਪਤੀ ਵਿੱਚ ਗਿੱਲਾ ਹੋਵੇ। (ਟੇਸਟ ਵੱਖ ਕਰੋ)
2. ਰਾਗੀ ਦੇ ਬਾਹਰੀ ਸਤ੍ਹਾਂ ਨੂੰ ਇਸ ਉੱਤੇ ਰਗੜੋ।
3. ਜੇਕਰ ਰੂਈ ਉੱਤੇ ਰੰਗ ਲਗਦਾ ਹੈ ਤਾਂ ਇਸਦਾ ਮਤਲੱਬ ਹੈ ਕਿ ਰਾਗੀ ਦੀ ਬਾਹਰਲੀ ਸਤ੍ਹਾਂ ਰੰਗੀ ਹੋਈ ਹੈ।

BACK


## ਜਾਂਚ / ਟੈਸਟ 14

## ਰਾਗੀ ਵਿੱਚ ਨਕਲੀ / ਮਿਲਾਵਟੀ ਰੰਗ ਦਾ ਪਤਾ ਲਗਾਉਣਾ




ਸ਼ੁੱਧ



ਮਿਲਾਵਟੀ

FRONT

ਜਾਂਚ / ਟੈਸਟ 15

## ਕਾਲੀ ਮਿਰਚ ਵਿੱਚ ਪਪੀਤੇ ਦੇ ਬੀਜ਼ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਇੱਕ ਗਲਾਸ ਵਿੱਚ ਕਾਲੀ ਮਿਰਚ ਦੀ ਕੁੱਝ ਮਾਤਰਾ ਪਾਓ।
2. ਕਾਲੀ ਮਿਰਚ ਦੇ ਦਾਣੇ ਪਾਣੀ ਵਿੱਚ ਹੇਠਾਂ ਬੈਠ ਜਾਣਗੇ।
3. ਮਿਲਾਵਟੀ ਕਾਲੀ ਮਿਰਚ ਵਿੱਚ ਮਿਲਾਏ ਪਪੀਤੇ ਦੇ ਬੀਜ਼ ਪਾਣੀ ਵਿੱਚ ਤੈਰਨ ਲੱਗ ਜਾਣਗੇ।

BACK

ਜਾਂਚ / ਟੈਸਟ 15

## ਕਾਲੀ ਮਿਰਚ ਵਿੱਚ ਪਪੀਤੇ ਦੇ ਬੀਜ਼ ਦਾ ਪਤਾ ਲਗਾਉਣਾ



ਕਾਲੀ ਮਿਰਚ



ਪਪੀਤੇ ਦੇ ਬੀਜ਼

FRONT

## ਜਾਂਚ / ਟੈਸਟ 16

### ਲਾਲ ਮਿਰਚ ਪਾਊਡਰ ਵਿੱਚ ਪਾਣੀ ਵਿੱਚ ਘੁੱਲਣਸ਼ੀਲ ਨਕਲੀ/ਸੈਂਥੇਟਿਕ ਰੰਗ ਦਾ ਪਤਾ ਲਗਾਉਣਾ

**ਜਾਂਚ ਕਰਨ ਦਾ ਤਰੀਕਾ:**

1. ਇੱਕ ਗਲਾਸ ਵਿੱਚ ਪਾਣੀ ਲਓ।
2. ਇਸ ਉੱਪਰ ਮਿਰਚ ਪਾਊਡਰ ਦਾ ਛਿੜਕਾਅ ਕਰੋ।
3. ਨਕਲੀ ਰੰਗ ਤੁਰੰਤ ਰੰਗੀਨ ਰੇਖਾਵਾਂ ਬਣਕੇ ਹੇਠਾਂ ਉੱਤਰਨ ਲੱਗਦਾ ਹੈ।

BACK

## ਜਾਂਚ / ਟੈਸਟ 16

### ਲਾਲ ਮਿਰਚ ਪਾਊਡਰ ਵਿੱਚ ਪਾਣੀ ਵਿੱਚ ਘੁੱਲਣਸ਼ੀਲ ਨਕਲੀ/ਸੈਂਥੇਟਿਕ ਰੰਗ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

ਜਾਂਚ / ਟੈਸਟ 17

## ਦਾਲ਼ਚੀਨੀ ਵਿੱਚ ਜੰਗਲੀ ਦਾਲ਼ਚੀਨੀ ਛਾਲ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਕੱਚ ਦੀ ਇੱਕ ਪਲੇਟ ਵਿੱਚ ਦਾਲ਼ਚਿਨੀ ਦੀ ਥੋੜ੍ਹੀ ਮਾਤਰਾ ਲਓ।
2. ਵੱਖ ਮਿਲਾਵਟ ਹੋਈ ਤਾਂ ਦੇਖਦੇ ਹੀ ਪਤਾ ਚੱਲ ਜਾਵੇਗਾ।ਜੰਗਲੀ ਦਾਲ਼ਚੀਨੀ ਦੀ ਬਾਹਰੀ ਖੁਰਦਰੀ ਅਤੇ ਸਭ ਤੋਂ ਅੰਦਰ ਦੀ ਸਹਿਜ ਤਹਿ ਦੇ ਨਾਲ ਕਈ ਤੈਹਾਂ ਹੁੰਦੀਆਂ ਹਨ ਜਿਸਨੂੰ ਦਾਲ਼ਚੀਨੀ ਨਾਲੋਂ ਵੱਖ ਸਿਆਣਿਆ ਜਾ ਸਕਦਾ ਹੈ।
3. ਦਾਲ਼ਚੀਨੀ ਦੇ ਤਣ ਬਹੁਤ ਪਤਲੇ ਹੁੰਦੇ ਹਨ ਅਤੇ ਇਸਨੂੰ ਪੈੱਨਸਿਲ ਜਾਂ ਪੈੱਨ ਉੱਤੇ ਲਪੇਟਿਆ ਜਾ ਸਕਦਾ ਹੈ। ਇਸਦੀ ਅਲੱਗ ਮਹਿਕ ਹੁੰਦੀ ਹੈ।

BACK

ਜਾਂਚ / ਟੈਸਟ 17

## ਦਾਲ਼ਚੀਨੀ ਵਿੱਚ ਜੰਗਲੀ ਦਾਲ਼ਚੀਨੀ ਛਾਲ ਦਾ ਪਤਾ ਲਗਾਉਣਾ



ਦਾਲ਼ਚੀਨੀ



ਜੰਗਲੀ ਦਾਲ਼ਚੀਨੀ

FRONT

ਜਾਂਚ / ਟੈਸਟ 18

## ਸਰਸੋਂ ਵਿੱਚ ਆਰਜੀਮੋਨ (ਭੜਭਾਂਡ / ਸਿਆਕਾਂਟਾ) ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਇੱਕ ਕੱਚ ਦੀ ਪਲੇਟ ਵਿੱਚ ਸਰਸੋਂ ਦੇ ਥੋੜ੍ਹੇ ਜਿਹੇ ਦਾਣਾ ਲਓ।
2. ਆਰਜੀਮੋਨ (ਭੜਭਾਂਡ / ਸਿਆਕਾਂਟਾ) ਦੇ ਦਾਣੇ ਵੇਖ ਕੇ ਪਛਾਣੋ।
3. ਸਰਸੋਂ ਦੇ ਦਾਣੇ ਉੱਤੋਂ ਚਿਕਣੇ ਹੁੰਦੇ ਹਨ ਅਤੇ ਦਬਾਣ ਤੇ ਅੰਦਰੋਂ ਪੀਲੇ ਹੁੰਦੇ ਹਨ।
4. ਆਰਜੀਮੋਨ ਦੇ ਦਾਣੇ ਦੀ ਸਤ੍ਹਾਂ ਖੁਰਦਰੀ ਹੁੰਦੀ ਹੈ ਅਤੇ ਇਹ ਕਾਲੇ ਹੁੰਦੇ ਹਨ।ਦਬਾਣ ਤੇ ਅੰਦਰੋਂ ਸਫੇਦ ਰੰਗ ਦੇ ਹੁੰਦੇ ਹਨ।

BACK

ਜਾਂਚ / ਟੈਸਟ 18

## ਸਰਸੋਂ ਵਿੱਚ ਆਰਜੀਮੋਨ (ਭੜਭਾਂਡ / ਸਿਆਕਾਂਟਾ) ਦਾ ਪਤਾ ਲਗਾਉਣਾ



ਸਰਸੋਂ ਦੇ ਦਾਣੇ



ਆਰਜੀਮੋਨ ਦੇ ਦਾਣੇ

FRONT

ਜਾਂਚ / ਟੈਸਟ 19

## ਸਾਬੁਤ ਹਲਦੀ ਵਿੱਚ ਨਕਲੀ / ਮਿਲਾਵਟੀ ਰੰਗ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਹਲਦੀ ਦਾ ਇੱਕ ਟੁੱਕੜਾ ਪਾਣੀ ਦੇ ਇੱਕ ਪਾਰਦਰਸ਼ੀ ਗਲਾਸ ਵਿੱਚ ਪਾਓ।
2. ਸ਼ੁੱਧ ਹਲਦੀ ਰੰਗ ਨਹੀਂ ਛੱਡੇਗੀ।
3. ਮਿਲਾਵਟੀ ਹਲਦੀ ਦੇਖਣ ਵਿੱਚ ਚਮਕਦਾਰ ਹੁੰਦੀ ਹੈ ਅਤੇ ਪਾਣੀ ਵਿੱਚ ਤੁਰੰਤ ਰੰਗ ਛੱਡਣ ਲੱਗਦੀ ਹੈ।

BACK

ਜਾਂਚ / ਟੈਸਟ 19

## ਸਾਬੁਤ ਹਲਦੀ ਵਿੱਚ ਨਕਲੀ / ਮਿਲਾਵਟੀ ਰੰਗ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

ਜਾਂਚ / ਟੈਸਟ 20

## ਹਲਦੀ ਪਾਊਡਰ ਵਿੱਚ ਨਕਲੀ / ਮਿਲਾਵਟੀ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਇੱਕ ਛੋਟਾ ਚਮਚ ਹਲਦੀ ਪਾਣੀ ਦੇ ਇੱਕ ਪਾਰਦਰਸ਼ੀ ਗਲਾਸ ਵਿੱਚ ਪਾਓ।
2. ਕੁਦਰਤੀ ਹਲਦੀ ਪਾਊਡਰ ਹੇਠਾਂ ਬੈਠਦੇ ਹੋਏ ਹਲਕਾ ਪੀਲਾ ਰੰਗ ਛੱਡਦਾ ਹੈ।
3. ਮਿਲਾਵਟੀ ਹਲਦੀ ਪਾਊਡਰ ਹੇਠਾਂ ਬੈਠਦੇ ਹੋਏ ਪਾਣੀ ਵਿੱਚ ਗਹਿਰਾ ਪੀਲਾ ਰੰਗ ਛੱਡਦਾ ਹੈ।

BACK

ਜਾਂਚ / ਟੈਸਟ 20

## ਹਲਦੀ ਪਾਊਡਰ ਵਿੱਚ ਨਕਲੀ / ਮਿਲਾਵਟੀ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

**ਜਾਂਚ / ਟੈਸਟ 21**

## ਪੀਸੇ ਹੋਏ ਮਸਾਲਿਆਂ ਵਿੱਚ ਲੱਕੜੀ ਦਾ ਚੂਰਾ ਅਤੇ ਬਰੀਕ ਚੋਕੇ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਇੱਕ ਪਾਰਦਰਸ਼ੀ ਗਲਾਸ ਵਿੱਚ ਪਾਣੀ ਲਓ।
2. ਪਾਣੀ ਦੀ ਸਤ੍ਹਾਂ ਉੱਪਰ ਪੀਸਿਆ ਹੋਇਆ ਮਸਾਲਾ ਪਾਓ।
3. ਸ਼ੁੱਧ ਮਸਾਲਾ ਹੋਇਆ ਤਾਂ ਪਾਣੀ ਦੀ ਸਤ੍ਹਾਂ ਉੱਪਰ ਕੁਝ ਨਹੀਂ ਰਹੇਗਾ।
4. ਜੇਕਰ ਮਸਾਲਾ ਮਿਲਾਵਟੀ ਹੋਇਆ ਤਾਂ ਲੱਕੜੀ ਦਾ ਚੂਰਾ / ਬਰੀਕ ਚੂਰਾ ਪਾਣੀ ਉੱਤੇ ਤੈਰਦਾ ਰਹੇਗਾ।

BACK

**ਜਾਂਚ / ਟੈਸਟ 21**

## ਪੀਸੇ ਹੋਏ ਮਸਾਲਿਆਂ ਵਿੱਚ ਲੱਕੜੀ ਦਾ ਚੂਰਾ ਅਤੇ ਬਰੀਕ ਚੋਕੇ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

## ਜਾਂਚ / ਟੈਸਟ 22

### ਸਾਬੁਤ ਮਸਾਲਿਆ ਵਿੱਚ ਬਾਹਰੀ ਚੀਜ਼ਾਂ (ਧੂਲ, ਮਿੱਟੀ, ਦਾਣੇ, ਪੱਥਰ, ਭੂੰਸਾ, ਖਰਪਤਵਾਰ, ਕਸ਼ਤੀਗ੍ਰਸਤ ਦਾਣਾ, ਘੁੱਣ ਲੱਗੇ ਦਾਣੇ, ਕੀੜੇ, ਚੂਹੇ ਦੇ ਵਾਲ ਅਤੇ ਮਲ) ਦਾ ਪਤਾ ਲਗਾਉਣਾ

**ਜਾਂਚ ਕਰਨ ਦਾ ਤਰੀਕਾ:**

1. ਕੱਚ ਦੀ ਪਲੇਟ ਵਿੱਚ ਥੋੜ੍ਹਾ ਜਿਹਾ ਨਮੂਨਾ ਲਓ।
2. ਅਸ਼ੁੱਧੀਆਂ ਦੀ ਅੱਖਾਂ ਨਾਲ ਪਰਖ਼ ਕਰੋ।
3. ਸ਼ੁੱਧ ਮਸਾਲੇ ਵਿੱਚ ਉਪਰੋਕਤ ਅਸ਼ੁੱਧੀਆਂ ਨਹੀਂ ਹੋਣਗੀਆਂ।
4. ਮਿਲਾਵਟੀ ਜਾਂ ਖਰਾਬ ਮਸਾਲੇ ਵਿੱਚ ਅਸ਼ੁੱਧੀਆਂ ਦਿਖਾਈ ਦੇ ਜਾਦੀਆਂ ਹਨ।

BACK

## ਜਾਂਚ / ਟੈਸਟ 22

### ਸਾਬੁਤ ਮਸਾਲਿਆ ਵਿੱਚ ਬਾਹਰੀ ਚੀਜ਼ਾਂ (ਧੂਲ, ਮਿੱਟੀ, ਦਾਣੇ, ਪੱਥਰ, ਭੂੰਸਾ, ਖਰਪਤਵਾਰ, ਕਸ਼ਤੀਗ੍ਰਸਤ ਦਾਣਾ, ਘੁੱਣ ਲੱਗੇ ਦਾਣੇ, ਕੀੜੇ, ਚੂਹੇ ਦੇ ਵਾਲ ਅਤੇ ਮਲ) ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

**ਜਾਂਚ / ਟੈਸਟ 23**

## ਸੌਂਫ਼ ਵਿੱਚ ਜ਼ੀਰੇ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਕੱਚ ਦੀ ਪਲੇਟ ਵਿੱਚ ਸੌਂਫ਼ ਦੇ ਨਮੂਨੇ ਦੀ ਥੋੜੀ ਜਿਹੀ ਮਾਤਰਾ ਲਓ।
2. ਵੇਖੋ ਕਿ ਉਸ ਵਿੱਚ ਜ਼ੀਰਾ ਤਾਂ ਨਹੀਂ ਮਿਲਿਆ ਹੋਇਆ।
3. ਬਾਰੀਕੀ ਨਾਲ ਵੇਖ ਕਿ ਇਸ ਵਿੱਚੋਂ ਜ਼ੀਰਾ ਕੱਢਿਆ ਜਾ ਸਕਦਾ ਹੈ।

BACK

**ਜਾਂਚ / ਟੈਸਟ 23**

## ਸੌਂਫ਼ ਵਿੱਚ ਜ਼ੀਰੇ ਦਾ ਪਤਾ ਲਗਾਉਣਾ



ਸੌਂਫ਼



ਜ਼ੀਰਾ

FRONT

ਜਾਂਚ / ਟੈਸਟ 24

## ਹਰੀ ਸਬਜ਼ੀਆਂ ਜਿਵੇਂ ਕਰੇਲਾ, ਹਰੀ ਮਿਰਚ ਅਤੇ ਹੋਰ ਵਿੱਚ ਨਕਲੀ / ਮਿਲਾਵਟੀ ਰੰਗ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਪਾਣੀ ਜਾਂ ਬਨਸਪਤੀ ਵਿੱਚ ਗਿੱਲਾ ਰੂਈ ਦਾ ਇੱਕ ਟੁੱਕੜਾ ਲਓ। (ਟੇਸਟ ਵੱਖ ਕਰੋ)
2. ਇਸਨੂੰ ਹਰੀ ਸਬਜ਼ੀ / ਮਿਰਚ ਦੀ ਬਾਹਰੀ ਸਤ੍ਹਾਂ ਉੱਤੇ ਰਗੜੋ।
3. ਜੇਕਰ ਰੂਈ ਉੱਤੇ ਰੰਗ ਲਗਦਾ ਹੈ ਤਾਂ ਇਸਦਾ ਮਤਲੱਬ ਹੈ ਕਿ ਬਾਹਰਲੀ ਸਤ੍ਹਾਂ ਨਕਲੀ / ਮਿਲਾਵਟੀ ਰੰਗ ਨਾਲ ਰੰਗੀ ਹੋਈ ਹੈ।

BACK

ਜਾਂਚ / ਟੈਸਟ 24

## ਹਰੀ ਸਬਜ਼ੀਆਂ ਜਿਵੇਂ ਕਰੇਲਾ, ਹਰੀ ਮਿਰਚ ਅਤੇ ਹੋਰ ਵਿੱਚ ਨਕਲੀ / ਮਿਲਾਵਟੀ ਰੰਗ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

**ਜਾਂਚ / ਟੈਸਟ 25**

## ਹਰੇ ਮਟਰ ਵਿੱਚ ਨਕਲੀ ਰੰਗ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਹਰੇ ਮਟਰ ਦੇ ਕੁਝ ਦਾਣੇ ਪਾਰਦਰਸ਼ੀ ਗਲਾਸ ਵਿੱਚ ਪਾਓ।
2. ਇਸ ਵਿੱਚ ਪਾਣੀ ਪਾਓ ਅਤੇ ਚੰਗੀ ਤਰ੍ਹਾਂ ਹਿਲਾਓ।
3. ਇਸਨੂੰ ਅੱਧੇ ਘੰਟੇ ਤੱਕ ਰਹਿਣ ਦਿਓ।
4. ਪਾਣੀ ਵਿੱਚ ਨਕਲੀ ਰੰਗ ਸਪੱਸ਼ਟ ਰੂਪ ਵਿੱਚ ਦਿੱਖਣ ਲਗੇਗਾ।ਜੋ ਰੰਗੇ ਹੋਣ ਦਾ ਪ੍ਰਮਾਣ ਹੈ।

BACK

**ਜਾਂਚ / ਟੈਸਟ 25**

## ਹਰੇ ਮਟਰ ਵਿੱਚ ਨਕਲੀ ਰੰਗ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

ਜਾਂਚ / ਟੈਸਟ 26

## ਕੇਸਰ ਵਿੱਚ ਮੱਕੇ ਦੇ ਸੁੱਕੇ, ਰੰਗੇ ਹੋਏ ਰੇਸ਼ੇ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਅਸਲੀ ਕੇਸਰ ਨਕਲੀ ਦੀ ਤਰ੍ਹਾਂ ਸੌਖ ਨਾਲ ਨਹੀਂ ਟੁੱਟੇਗਾ। ਨਕਲੀ ਕੇਸਰ ਬਣਾਉਣ ਲਈ ਮੱਕੇ ਦੇ ਰੇਸ਼ੇ ਨੂੰ ਚੀਨੀ ਵਿੱਚ ਪਾ ਕੇ ਰੰਗਿਆ ਜਾਂਦਾ ਹੈ।
2. ਇੱਕ ਪਾਰਦਰਸ਼ੀ ਗਲਾਸ ਵਿੱਚ ਪਾਣੀ ਲਓ ਅਤੇ ਥੋੜ੍ਹਾ ਜਿਹਾ ਕੇਸਰ ਪਾਓ।
3. ਜੇਕਰ ਕੇਸਰ ਰੰਗਿਆ ਹੋਇਆ ਹੋਵੇਗਾ ਤਾਂ ਮਿਲਾਵਟੀ ਰੰਗ ਪਾਣੀ ਵਿੱਚ ਤੇਜ਼ੀ ਨਾਲ ਘੁੱਲ ਜਾਵੇਗਾ। ਸ਼ੁੱਧ ਕੇਸਰ ਦਾ ਟੁਕੜਾ ਪਾਣੀ ਵਿੱਚ ਘੁੱਲੇਗਾ ਅਤੇ ਇਸਦਾ ਕੇਸਰੀਆ ਰੰਗ ਤੱਦ ਤੱਕ ਛੁੱਟਦਾ ਰਹੇਗਾ ਜਦ ਤੱਕ ਇਸ ਵਿੱਚ ਕੇਸਰ ਹੈ।

BACK

ਜਾਂਚ / ਟੈਸਟ 26

ਕੇਸਰ ਵਿੱਚ ਮੱਕੇ ਦੇ ਸੁੱਕੇ, ਰੰਗੇ ਹੋਏ ਰੇਸ਼ੇ ਦਾ ਪਤਾ ਲਗਾਉਣਾ



ਕੇਸਰ



ਰੰਗੇ ਹੋਏ ਮੱਕੇ ਦੇ ਰੇਸ਼ੇ

FRONT

ਜਾਂਚ / ਟੈਸਟ 27

## ਆਯੋਡੀਨ ਯੁਕਤ ਨਮਕ ਵਿੱਚ ਸਫੇਦ ਪਾਊਡਰ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਪਾਣੀ ਦੇ ਗਲਾਸ ਵਿੱਚ ਇੱਕ ਚੌਥਾਈ ਚੱਮਚ ਨਮਕ ਦਾ ਨਮੂਨਾ ਪਾਓ।
2. ਸ਼ੁੱਧ ਨਮਕ ਪੂਰੀ ਤਰ੍ਹਾਂ ਘੁੱਲ ਜਾਂਦਾ ਹੈ ਅਤੇ ਸਾਫ਼ ਘੋਲ ਬਣਦਾ ਹੈ ਜਦ ਕਿ ਨਮਕ ਵਿੱਚ ਮਿਲੇ ਐਂਟੀ ਕੁਕਿੰਗ ਕਣਾਂ ਕਾਰਨ ਘੋਲ ਧੁੰਧਲਾ ਰਹਿੰਦਾ ਹੈ।
3. ਜੇਕਰ ਨਮਕ ਵਿੱਚ ਮਿਲਾਵਟ ਹੋਵੇ ਤਾਂ ਘੋਲ ਸੰਘਣਾ ਹੋ ਜਾਂਦਾ ਹੈ ਅਤੇ ਚਾਕ ਪਾਊਡਰ ਅਤੇ ਹੋਰ ਅਘੁੱਲਣਸ਼ੀਲ ਅਸ਼ੁੱਧੀਆਂ ਦੀ ਹੋਂਦ ਕਾਰਨ ਇਹ ਦੁੱਧੀਆ ਲੱਗਦਾ ਹੈ ਅਤੇ ਥੋੜ੍ਹੀ ਦੇਰ ਬਾਅਦ ਹੇਠਾਂ ਇੱਕਠਾਂ ਹੋ ਜਾਵੇਗਾ।

BACK

ਜਾਂਚ / ਟੈਸਟ 27

ਆਯੋਡੀਨ ਯੁਕਤ ਨਮਕ ਵਿੱਚ ਸਫੇਦ ਪਾਊਡਰ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

## ਜਾਂਚ / ਟੈਸਟ 28

# ਸਧਾਰਨ ਅਤੇ ਆਯੋਡੀਨ ਯੁਕਤ ਨਮਕ ਵਿਚਲੇ ਗੁਣ ਦੋਸ਼ ਪਛਾਨਣਾ

### ਜਾਂਚ ਕਰਨ ਦਾ ਤਰੀਕਾ:

1. ਆਲੂ ਨੂੰ ਦੋ ਟੁੱਕੜਿਆਂ ਵਿੱਚ ਕੱਟੋ ਅਤੇ ਇਸ ਉਤੇ ਨਮਕ ਪਾ ਦਿਓ। ਇੱਕ ਮਿੰਟ ਇੰਤਜ਼ਾਰ ਕਰੋ।
2. ਦੋ ਬੂੰਦ ਨਿੰਬੂ ਦਾ ਰਸ ਪਾਓ।
3. ਜੇਕਰ ਨਮਕ ਆਯੋਡੀਨ ਯੁਕਤ ਹੋਇਆ ਤਾਂ ਨੀਲਾ ਰੰਗ ਬਣੇਗਾ।
4. ਸਧਾਰਨ ਨਮਕ ਨਾਲ ਰੰਗ ਨੀਲਾ ਨਹੀਂ ਬਣੇਗਾ।

BACK

## ਜਾਂਚ / ਟੈਸਟ 28

# ਸਧਾਰਨ ਅਤੇ ਆਯੋਡੀਨ ਯੁਕਤ ਨਮਕ ਵਿਚਲੇ ਗੁਣ ਦੋਸ਼ ਪਛਾਨਣਾ



ਆਯੋਡੀਨ ਯੁਕਤ ਨਮਕ



ਸਧਾਰਨ ਨਮਕ

FRONT

ਜਾਂਚ / ਟੈਸਟ 29

## ਕਾਫ਼ੀ ਪਾਊਡਰ ਵਿੱਚ ਮਿੱਟੀ ਦਾ ਪਤਾ ਲਗਾਉਣਾ

**ਜਾਂਚ ਕਰਨ ਦਾ ਤਰੀਕਾ:**

1. ਇੱਕ ਪਾਰਦਰਸ਼ੀ ਪਾਣੀ ਦੇ ਗਿਲਾਸ ਵਿੱਚ ਅੱਧਾ ਚੱਮਚ ਕਾਫ਼ੀ ਪਾਊਡਰ ਪਾਓ।
2. ਇੱਕ ਮਿੰਟ ਤੱਕ ਘੋਲ ਨੂੰ ਹਿਲਾਓ ਅਤੇ 5 ਮਿੰਟ ਲਈ ਰੱਖ ਦਿਓ।
3. ਜੇਕਰ ਕਾਫ਼ੀ ਸ਼ੁੱਧ ਹੋਈ ਤਾਂ ਮਿੱਟੀ ਦੀ ਹੋਂਦ ਨਹੀਂ ਦਿਖੇਗੀ।
4. ਜੇਕਰ ਮਿੱਟੀ ਹੋਈ ਤਾਂ ਵੱਖ ਹੋ ਕੇ ਹੇਠਾਂ ਜੰਮ ਜਾਵੇਗੀ।

BACK

ਜਾਂਚ / ਟੈਸਟ 29

## ਕਾਫ਼ੀ ਪਾਊਡਰ ਵਿੱਚ ਮਿੱਟੀ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

ਜਾਂਚ / ਟੈਸਟ 30

## ਸੁਪਾਰੀ ਪਾਨ ਮਸਾਲੇ ਵਿੱਚ ਰੰਗ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਇੱਕ ਪਾਣੀ ਦੇ ਗਿਲਾਸ ਵਿੱਚ ਥੋੜ੍ਹਾ ਜਿਹਾ ਸੁਪਾਰੀ ਪਾਨ ਮਸਾਲਾ ਪਾਓ।
2. ਮਸਾਲਾ ਸ਼ੁੱਧ ਹੋਇਆ ਤਾਂ ਪਾਣੀ ਵਿੱਚ ਕੋਈ ਰੰਗ ਨਹੀਂ ਦਿਖੇਗਾ।
3. ਜੇਕਰ ਮਿਲਾਵਟੀ ਹੋਇਆ ਤਾਂ ਰੰਗ ਤੁਰੰਤ ਪਾਣੀ ਵਿੱਚ ਘੁੱਲ ਜਾਵੇਗਾ।

BACK

ਜਾਂਚ / ਟੈਸਟ 30

## ਸੁਪਾਰੀ ਪਾਨ ਮਸਾਲੇ ਵਿੱਚ ਰੰਗ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

**ਜਾਂਚ / ਟੈਸਟ 31**

## ਚਾਹ ਦੇ ਪੱਤਿਆਂ ਵਿੱਚ ਬਚੀ ਹੋਈ ਚਾਹ ਦਾ ਪਤਾ ਲਗਾਉਣਾ

### ਜਾਂਚ ਕਰਨ ਦਾ ਤਰੀਕਾ:

1. ਫਿਲਟਰ ਪੇਪਰ ਲਓ ਅਤੇ ਕੁਝ ਚਾਹ ਦੇ ਪੱਤੇ ਫੈਲਾਓ।
2. ਫਿਲਟਰ ਪੇਪਰ ਨੂੰ ਗਿੱਲਾ ਕਰਨ ਲਈ ਪਾਣੀ ਛਿੜਕੋ।
3. ਫਿਲਟਰ ਪੇਪਰ ਨੂੰ ਚੱਲਦੇ ਪਾਣੀ ਹੇਠਾਂ ਧੋਵੋ ਅਤੇ ਦਾਗਾਂ ਨੂੰ ਰੌਸ਼ਨੀ ਵਿੱਚ ਦੇਖੋ।
4. ਸ਼ੁੱਧ ਚਾਹ ਦੇ ਪੱਤੇ ਫਿਲਟਰ ਪੇਪਰ ਤੇ ਦਾਗ ਨਹੀਂ ਛੱਡਣਗੇ।
5. ਜੇ ਕੋਲਾ ਤਾਰ ਮੌਜੂਦ ਹੈ ਤਾਂ ਇਹ ਫਿਲਟਰ ਪੇਪਰ ਤੇ ਤੁਰੰਤ ਦਾਗ ਲਗਾ ਦੇਵੇਗਾ।

BACK

**ਜਾਂਚ / ਟੈਸਟ 31**

## ਚਾਹ ਦੇ ਪੱਤਿਆਂ ਵਿੱਚ ਬਚੀ ਹੋਈ ਚਾਹ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

ਜਾਂਚ / ਟੈਸਟ 32

## ਚਾਹ ਪੱਤੀ ਵਿੱਚ ਲੋਹੇ ਦੇ ਬੁਰਾਦੇ ਦਾ ਪਤਾ ਲਗਾਉਣਾ


### ਜਾਂਚ ਕਰਨ ਦਾ ਤਰੀਕਾ:

1. ਕੱਚ ਦੀ ਇੱਕ ਪਲੇਟ ਵਿੱਚ ਥੋੜ੍ਹੀ ਜਿਹੀ ਚਾਹ ਪੱਤੀ ਲਓ।
2. ਚਾਹ ਪੱਤੀ ਦੇ ਕੋਲ ਇੱਕ ਚੁੰਬਕ ਘੁਮਾਓ।
3. ਜੇਕਰ ਪੱਤੀ ਸ਼ੁੱਧ ਹੋਈ ਤਾਂ ਚੁੰਬਕ ਉੱਤੇ ਲੋਹੇ ਦਾ ਬੁਰਾਦਾ ਨਹੀਂ ਚਿਪਕੇਗਾ।
4. ਜੇਕਰ ਮਿਲਾਵਟੀ ਹੋਈ ਤਾਂ ਚੁੰਬਕ ਉੱਪਰ ਲੋਹੇ ਦੇ ਕਣ ਦਿਖਣਗੇ।

BACK

ਜਾਂਚ / ਟੈਸਟ 32

## ਚਾਹ ਪੱਤੀ ਵਿੱਚ ਲੋਹੇ ਦੇ ਬੁਰਾਦੇ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

FRONT

**ਜਾਂਚ / ਟੈਸਟ 33**

## ਸ਼ੱਕਰਕੰਦੀ ਵਿੱਚ ਨਕਲੀ / ਮਿਲਾਵਟੀ ਰੰਗ ਦਾ ਪਤਾ ਲਗਾਉਣਾ

1. ਪਾਣੀ ਜਾਂ ਬਨਸਪਤੀ ਵਿੱਚ ਗਿੱਲਾ ਰੂਈ ਦਾ ਇੱਕ ਟੁੱਕੜਾ ਲਓ।
2. ਇਸਨੂੰ ਸ਼ੱਕਰਕੰਦੀ ਦੀ ਬਾਹਰੀ ਸਤ੍ਹਾਂ ਉੱਤੇ ਰਗੜੋ।
3. ਜੇਕਰ ਰੂਈ ਉੱਤੇ ਰੰਗ ਲਗਦਾ ਹੈ ਤਾਂ ਇਸਦਾ ਮਤਲੱਬ ਹੈ ਕਿ ਬਾਹਰਲੀ ਸਤ੍ਹਾਂ ਨਕਲੀ / ਮਿਲਾਵਟੀ ਰੰਗ ਨਾਲ ਰੰਗੀ ਹੋਈ ਹੈ।

BACK

**ਜਾਂਚ / ਟੈਸਟ 33**

## ਸ਼ੱਕਰਕੰਦੀ ਵਿੱਚ ਨਕਲੀ / ਮਿਲਾਵਟੀ ਰੰਗ ਦਾ ਪਤਾ ਲਗਾਉਣਾ



ਸ਼ੁੱਧ



ਮਿਲਾਵਟੀ

BACK COVER

fssai

ਫੂਡ ਸੇਫ਼ਟੀ ਅਤੇ ਸਟੈਂਡਰਡ
ਅਥਾਰਟੀ ਆਫ਼ ਇੰਡੀਆ

ਵਿਸ਼ਵਾਸ ਦਾ ਵਾਅਦਾ, ਸੁਰੱਖਿਅਤ ਅਤੇ ਪੌਸ਼ਟਿਕ ਭੋਜਨ ਦਾ ਭਰੋਸਾ

ਸਿਹਤ ਅਤੇ ਪਰਿਵਾਰ ਕਲਿਆਣ ਵਿਭਾਗ, ਭਾਰਤ ਸਰਕਾਰ


ਐੱਫ.ਡੀ.ਏ. (FDA) ਭਵਨ, ਬਾਲ ਭਵਨ ਦੇ ਕੋਲ ਕੋਟਲਾ ਰੋਡ, ਨਵੀਂ ਦਿੱਲੀ 110002, ਭਾਰਤ
ਸੰਪਰਕ: 1800112100, ਫੈਕਸ 011–23220994
ਈ–ਮੇਲ: iec@fssai.gov.in, ਵੈੱਬਸਾਈਟ: www-fssai-gov-in


BACK COVER INSIDE